# ਪੰਜਾਬ ਵਿਚ ਨਾਟਕ ਦੇ ਵਿਕਾਸ ਦਾ ਸਫ਼ਰ ਅਤੇ ਇਸ ਦਾ ਭਵਿੱਖ

ਪਿਛਲੇ ਕੁਝ ਚਿਰ ਤੋਂ ਪੰਜਾਬ ਵਿਚ ਹੋ ਰਹੀਆਂ ਨਾਟਕ ਸਰਗਰਮੀਆਂ ਇਸ ਕਲਾ ਦੀ ਲੋਕਾਂ ਵਿਚ ਸਵੀਕਾਰਤਾ ਸਿੱਧ ਕਰਦੀਆਂ ਹਨ। ਫਰੀਦਕੋਟ ਵਿਚ ਬਾਬਾ ਫਰੀਦ ਉਤਸਵ ਉਤੇ ਹੋਇਆ ਨਾਟਕ ਮੇਲਾ ਇਸ ਦੀ ਇਕ ਮਿਸਾਲ ਹੈ। ਚਾਰ ਰਾਤਾਂ ਇਹ ਨਾਟਕ ਮੇਲਾ ਚੱਲਿਆ। ਮੁਕਾਬਲੇ ਦੇ ਨਾਟਕ ਵੀ ਹੋਏ ਅਤੇ ਸਥਾਪਤ ਟੀਮਾਂ ਵਲੋਂ ਮੁਕਾਬਲੇ ਦੇ ਬਾਹਰਲੇ ਨਾਟਕ ਵੀ ਹੋਏ। ਇਹ ਕਹਿਣਾ ਤਾਂ ਬਹੁਤ ਠੀਕ ਨਹੀਂ ਹੋਵੇਗਾ ਕਿ ਇਹ ਸਾਰੇ ਨਾਟਕ ਉੱਚ ਪੱਧਰ ਦੇ ਸਨ ਪਰ ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਦੂਰ-ਦੁਰਾਡੇ ਇਲਾਕਿਆਂ ਵਿਚ, ਪਿੰਡਾਂ ਵਿਚ, ਕਸਬਿਆਂ ਵਿਚ ਹੁਣ ਸ਼ੌਕੀਆ ਨਾਟਕ ਕਲੱਬ ਹੋਂਦ ਵਿਚ ਆ ਗਏ ਹਨ, ਜੋ ਆਪਣੇ ਆਪਣੇ ਸਾਧਨਾਂ ਅਨੁਸਾਰ ਚੰਗਾ ਨਾਟਕ ਕਰਨ ਦਾ ਉਪਰਾਲਾ ਕਰ ਰਹੇ ਹਨ। ਸਭਿਆਚਾਰਕ ਖੇਤਰ ਵਿਚ ਇਹ ਸਿਫਤੀ ਤਬਦੀਲੀ ਹੈ।

ਮੈਨੂੰ 1967-68 ਦੀ ਇਕ ਗੱਲ ਯਾਦ ਹੈ। ਮੈਂ ਆਪਣੀ ਟੀਮ ਨਾਲ ਕਾਲਾ ਸੰਘਿਆਂ ਪਿੰਡ ਵਿਚ ਨਾਟਕ ਕਰਨ ਗਿਆ। ਮੈਂ ਸ਼ਾਮ ਨੂੰ ਉਥੇ ਪੁੱਜਿਆ। ਪਿੰਡ ਦੇ ਵਿਚਕਾਰ ਇਕ ਵੱਡੇ ਬੋਹੜ ਦੇ ਦਰਖਤ ਦੇ ਦੁਆਲੇ ਇਕ ਗੋਲ ਥੜ੍ਹਾ ਸੀ। ਪਿੰਡ ਦੇ ਕੁਝ ਲੋਕ ਉਥੇ ਬੈਠੇ ਤਾਸ਼ ਖੇਡ ਰਹੇ ਸਨ। ਨਾਟਕ ਦੀ ਥਾਂ ਉਥੇ ਮਿੱਥੀ ਗਈ ਸੀ। ਮੈਂ ਚਾਰੇ ਪਾਸੇ ਘੁੰਮ ਕੇ ਦੇਖ ਰਿਹਾ ਸੀ ਕਿ ਸਟੇਜ ਦਾ ਮੂੰਹ ਕਿਹੜੇ ਪਾਸੇ ਕੀਤਾ ਜਾਏ ਤਾਂ ਜੋ ਵੱਧ ਤੋਂ ਵੱਧ ਲੋਕ ਬੈਠ ਕੇ ਨਾਟਕ ਦੇਖ ਸਕਣ। ਤਾਸ਼ ਖੇਡਦੇ ਇਕ ਬਜ਼ੁਰਗ ਨੇ ਟਿੱਪਣੀ ਕੀਤੀ, ''ਸਰਦਾਰਾ, ਕੰਜਰਖਾਨਾ ਹੀ ਕਰਨਾ ਏ, ਮੂੰਹ ਇਕ ਪਾਸੇ ਕਰੀਏ ਜਾਂ ਦੂਜੇ ਪਾਸੇ ਕਰੀਏ, ਕੀ ਫਰਕ ਪੈਂਦਾ ਏ।''

ਇਹ ਉਸ ਸਮੇਂ ਵਿਚ ਨਾਟਕ ਬਾਰੇ ਲੋਕਾਂ ਵਿਚ ਪ੍ਰਭਾਵ ਕਾਇਮ ਸੀ। ਭਾਵੇਂ ਬਾਅਦ ਵਿਚ ਨਾਟਕ ਵੇਖਣ ਦੇ ਬਾਅਦ ਬਜ਼ੁਰਗ ਦਾ ਪ੍ਰਭਾਵ ਬਦਲਿਆ ਅਤੇ ਉਹਨੇ ਪੁੱਛਣ ਉਤੇ ਮੰਨਿਆ ਕਿ ਇਹ ਕੰਜਰਖਾਨਾ ਨਹੀਂ ਸੀ। ਪੰਜਾਬ ਵਿਚ ਨਾਟਕ ਨੇ ਇਕ ਲੰਮਾ ਸਫਰ ਤੈਅ ਕਰਨ ਤੋਂ ਬਾਅਦ ਹੁਣ ਲੋਕਾਂ ਵਿਚ ਸਤਿਕਾਰ ਦੀ ਥਾਂ ਬਣਾਈ ਹੈ। ਇਹ ਆਪਣੇ ਆਪ ਵਿਚ ਪਿਛਲੇ 20-30 ਸਾਲਾਂ ਦੀ ਵੱਡੀ ਪ੍ਰਾਪਤੀ ਹੈ।

ਕਿਸੇ ਵੇਲੇ ਨਾਟਕ ਸਿਰਫ ਰੱਜੇ-ਪੁੱਜੇ ਲੋਕਾਂ ਤਕ ਹੀ ਪਹੁੰਚ ਰੱਖਦਾ ਸੀ। ਵੱਡੇ ਸ਼ਹਿਰਾਂ ਵਿਚ

ਨਾਟਕ ਦਾ ਇਤਿਹਾਸ ਵੀ ਇਸੇ ਰੁਝਾਨ ਨਾਲ ਜੁੜਦਾ ਹੈ। ਪਹਿਲਾ ਨਾਟਕ 1914 ਵਿਚ ਹੋਇਆ। ਈਸ਼ਵਰ ਚੰਦਰ ਨੰਦਾ ਦੀਆਂ ਸਰਗਰਮੀਆਂ ਲਾਹੌਰ ਤਕ ਹੀ ਸੀਮਤ ਸਨ ਜਾਂ ਫੇਰ ਖਾਸ ਖਾਸ ਮੌਕਿਆਂ ਉਤੇ ਲਾਹੌਰ ਤੋਂ ਬਾਹਰ ਵੀ ਜਾਂਦੇ ਸਨ। ਮੈਨੂੰ ਛੋਟੇ ਹੁੰਦਿਆਂ 1937 ਵਿਚ ਨੰਦਾ ਦਾ ਨਾਟਕ 'ਸੁਭੱਦਰਾ' ਮੁਲਤਾਨ ਜੇਲ੍ਹ ਵਿਚ ਵੇਖਣ ਦਾ ਮੌਕਾ ਮਿਲਿਆ ਸੀ। ਜੇਲ੍ਹ ਦੇ ਕੈਦੀਆਂ ਨੇ ਇਹ ਨਾਟਕ ਨੰਦਾ ਜੀ ਦੀ ਨਿਗਰਾਨੀ ਵਿਚ ਤਿਆਰ ਕੀਤਾ ਸੀ। ਸੁਭੱਦਰਾ ਅਤੇ ਹੋਰ ਇਸਤਰੀ ਪਾਤਰਾਂ ਦੀ ਭੂਮਿਕਾ ਕੈਦੀਆਂ ਵਿਚੋਂ ਮੁੰਡਿਆਂ ਨੇ ਨਿਭਾਈ ਸੀ। ਸੰਗੀਤ ਕੈਦੀਆਂ ਦਾ ਮੁਰਬਦ ਕੀਤਾ ਹੋਇਆ ਸੀ ਅਤੇ ਗੀਤ ਵੀ ਉਨ੍ਹਾਂ ਨੇ ਹੀ ਗਾਏ ਸਨ।

1941-47 ਵਿਚ ਲਾਹੌਰ ਨਾਟਕ ਦਾ ਕੇਂਦਰ ਬਣਿਆ। ਬਲਵੰਤ ਗਾਰਗੀ, ਹਰਚਰਨ ਸਿੰਘ, ਸ਼ੀਲਾ ਭਾਟੀਆ ਸਾਰੇ ਆਪਣੀਆਂ ਸਰਗਰਮੀਆਂ ਲਾਹੌਰ ਵਿਚ ਹੀ ਕਰਦੇ ਸਨ।

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



ਪ੍ਰੀਤਨਗਰ ਵੀ ਉਨ੍ਹਾਂ ਦਾ ਪ੍ਰੇਰਨਾ ਸਰੋਤ ਸੀ ਅਤੇ ਸਾਲ ਵਿਚ ਸਰਦੀਆਂ ਦੀਆਂ ਛੁੱਟੀਆਂ ਵਿਚ ਪ੍ਰੀਤ ਮਿਲਣੀ ਸਮੇਂ ਨਾਟਕ ਵੀ ਹੁੰਦੇ ਸਨ। ਪਰ ਚੋਣਵੀਆਂ ਪੇਸ਼ਕਾਰੀਆਂ ਲਾਹੌਰ ਤੋਂ ਬਾਹਰ ਵੀ ਹੁੰਦੀਆਂ ਸਨ। 1944 ਵਿਚ ਮੈਂ ਗਾਰਗੀ ਦਾ ਨਾਟਕ 'ਰਾਈ ਦਾ ਪਹਾੜ' ਲਾਹੌਰ ਦੇ ਕਾਲਕਾਰਾਂ ਵਲੋਂ ਸਿਆਲਕੋਟ ਥੀਏਟਰ ਅੰਮ੍ਰਿਤਸਰ ਵਿਚ ਵੇਖਿਆ ਸੀ। ਕਮਿਊਨਿਸਟ ਪਾਰਟੀ ਦੀਆਂ ਸਟੇਜਾਂ 'ਤੇ ਓਪੇਰੇ ਹੋਣੇ ਸ਼ੁਰੂ ਹੋ ਗਏ ਸਨ। ਅੰਮ੍ਰਿਤਸਰ ਵਿਚ ਖਾਲਸਾ ਕਾਲਜ ਵਿਚ ਗੁਰਦਿਆਲ ਸਿੰਘ ਫੁੱਲ ਆਧੁਨਿਕ ਸੰਵੇਦਨਾ ਵਾਲੇ ਨਾਟਕ ਲਿਖਦੇ ਵੀ ਹੁੰਦੇ ਸਨ ਅਤੇ ਕਰਵਾਉਂਦੇ ਵੀ ਰਹਿੰਦੇ ਸਨ। ਪਰ ਮੁੱਖ ਤੌਰ ਉਤੇ ਪੰਜਾਬੀ ਨਾਟਕ ਦਾ ਕੇਂਦਰ ਲਾਹੌਰ ਹੀ ਸੀ।

1947 ਤੋਂ ਬਾਅਦ ਪੰਜਾਬੀ ਨਾਟਕ ਦੀਆਂ ਸਰਗਰਮੀਆਂ ਦਿੱਲੀ ਚਲੀਆਂ ਗਈਆਂ, ਭਾਵੇਂ ਉੱਕਾ-ਦੁੱਕਾ ਕੋਸ਼ਿਸ਼ਾਂ ਹੋਰਨਾਂ ਸ਼ਹਿਰਾਂ ਵਿਚ ਵੀ

ਕੈਂਟ ਵਿਚ ਪ੍ਰੋਫੈਸਰ ਬਣੇ। ਉਥੇ ਵੀ ਕੁਝ ਸੰਜੀਦਾ ਸਰਗਰਮੀਆਂ ਹੋਈਆਂ। ਪ੍ਰਸਿੱਧ ਰੰਗਕਰਮੀ ਭਾਗ ਸਿੰਘ ਉਸੇ ਕਾਲਜ ਦੀ ਹੀ ਦੇਣ ਹਨ। ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਟਕ ਲਾਹੌਰ ਦੇ ਖੁੱਸ ਜਾਣ ਉਤੇ ਵੀ ਸਰਗਰਮ ਰਿਹਾ। ਦਿੱਲੀ, ਅੰਮ੍ਰਿਤਸਰ, ਅੰਬਾਲਾ, ਬਠਿੰਡਾ, ਲੁਧਿਆਣਾ, ਜਲੰਧਰ ਵਿਚ ਕੁਝ ਨਾ ਕੁਝ ਹੁੰਦਾ ਹੀ ਰਿਹਾ ਪਰ ਇਹ ਵੀ ਇਕ ਸਥਾਪਤ ਸਚਾਈ ਹੈ ਕਿ ਨਾਟਕ-ਕਲਾ ਸ਼ਹਿਰਾਂ ਵਿਚ ਹੀ ਮਹਿਦੂਦ ਰਹੀ। ਜੇ ਇਹ ਪਿੰਡਾਂ ਤਕ ਪੁੱਜੀ ਤਾਂ ਉਹ ਕਮਿਊਨਿਸਟ ਜਥੇਬੰਦੀਆਂ ਦੀਆਂ ਕਾਨਫਰੰਸਾਂ ਵਿਚ ਹੀ ਪੁੱਜੀ। 1959 ਵਿਚ ਖੁਸ਼ਹੈਸੀਅਤੀ ਮੋਰਚੇ ਨਾਲ ਜੁੜਦਾ ਨਾਟਕ 'ਜੋਰੀ ਮੰਗੇ ਦਾਨ ਵੇ ਲਾਲੋ' ਇਹਦੀ ਇਕ ਉੱਘੜਵੀਂ ਮਿਸਾਲ ਹੈ। ਨਰਿੰਦਰ ਦੁਸਾਂਝ ਦਾ ਲਿਖਿਆ ਇਹ ਨਾਟਕ ਪੰਜਾਬੀ ਨਾਟਕ ਦੇ ਇਤਿਹਾਸ ਵਿਚ ਇਕ ਮੀਲ-ਪੱਥਰ ਦਾ ਦਰਜਾ ਰੱਖਦਾ ਹੈ।

ਪੰਜਾਬੀ ਨਾਟਕ ਬਾਕਾਇਦਾ ਤੌਰ ਉਤੇ ਪਿੰਡਾਂ ਤਾਈਂ 1969-70 ਵਿਚ ਪੁੱਜਿਆ। ਮੈਂ ਇਕ ਨਾਟਕ 'ਜਿਨ ਸੱਚ ਪੱਲੇ ਹੋਏ' ਪਿੰਡ ਪਿੰਡ ਖੇਡਿਆ। ਵਿਸ਼ਾਲ ਲੋਕਾਈ ਨੇ ਇਹ ਨਾਟਕ ਸਵੀਕਾਰ ਕੀਤਾ ਅਤੇ ਬਾਅਦ ਵਿਚ ਇਹ ਲਹਿਰ ਵਧਦੀ ਹੀ ਗਈ। ਪੰਜਾਬ ਦੀ ਬਹੁਤੀ ਵਸੋਂ ਪਿੰਡਾਂ ਵਿਚ ਹੈ ਅਤੇ ਇਹੀ ਇਸ ਦੇ ਵਿਕਾਸ ਦੀ ਗਾਰੰਟੀ ਹੈ। ਪਿਛਲੇ ਸਾਲ ਜੇ ਸਿਰਫ ਪਲਸ ਮੰਚ ਦੀਆਂ ਟੀਮਾਂ ਦਾ ਹੀ ਲੇਖਾ-ਜੋਖਾ ਕਰੀਏ ਤਾਂ 522 ਪਿੰਡਾਂ ਵਿਚ ਆਧੁਨਿਕ ਨਾਟਕ ਦੀਆਂ ਪੇਸ਼ਕਾਰੀਆਂ ਹੋਈਆਂ। ਪੰਜਾਬੀ ਨਾਟਕ ਦਾ ਬਾਕਾਇਦਾ ਸਤਿਕਾਰ ਹੁਣ ਪਿੰਡਾਂ ਵਿਚ ਕਾਇਮ ਹੋਇਆ ਹੈ। ਪਿੰਡਾਂ ਦੀਆਂ ਪੰਚਾਇਤਾਂ, ਖੇਡ ਕਲੱਬਾਂ ਆਪਣੀਆਂ ਹੋਰ ਸਰਗਰਮੀਆਂ ਵਿਚ ਨਾਟਕਾਂ ਨੂੰ ਵੀ ਸ਼ਾਮਲ ਕਰਦੀਆਂ ਹਨ। ਇਹ ਪੰਜਾਬੀ ਨਾਟਕ ਦੇ ਵਿਕਾਸ ਲਈ ਇਕ ਜ਼ਰੂਰੀ ਕਦਮ ਹੈ।

ਇਸੇ ਸਿਲਸਿਲੇ ਵਿਚ ਹੁਣ ਚਾਰ ਵੱਡੇ ਨਾਟਕ ਮੇਲਿਆਂ ਦਾ ਜ਼ਿਕਰ ਕਰਨਾ ਵੀ ਬਣਦਾ

ਸਾਰੀ ਰਾਤ ਦਾ ਨਾਟਕ ਮੇਲਾ, ਪਲਸ ਮੰਚ ਦੇ ਪਹਿਲੀ ਮਈ ਤੇ 25-26 ਜਨਵਰੀ ਦੇ ਨਾਟਕ ਮੇਲੇ ਅਤੇ ਹੁਣ ਬਾਬਾ ਫਰੀਦ ਦਾ ਨਾਟਕ ਮੇਲਾ। ਇ ਅਖੀਰਲੇ ਨਾਟਕ ਮੇਲੇ ਦੇ ਨਾਲ ਸ੍ਰਰਸ਼ਨ ਮੈਨ। ਦਾ ਅਤੇ ਫਰੀਦਕੋਟ ਦੇ ਟਿਪਟੀ ਕਮਿਸ਼ਨਰ ਦਾ ਨਾਂ ਇਤਿਹਾਸਕ ਤੌਰ ਉਤੇ ਲਿਆ ਜਾਇਆ ਕਰੇਗਾ। ਪ੍ਰੋ. ਮੋਹਨ ਸਿੰਘ ਮੇਲੇ ਵਿਚ ਵੀ ਹੁਣ ਇਕ ਨਾਟਕ ਦੀ ਰਾਤ ਰਾਖਵੀਂ ਕੀਤੀ ਜਾ ਰਹੀ ਹੈ।

ਹੁਣ ਜਦੋਂ ਪੰਜਾਬ ਵਿਚ ਨਾਟਕ, ਸਭਿਆਚਾਰਕ ਖੇਤਰ ਵਿਚ ਕਾਇਮ ਹੋ ਗਿਆ ਹੈ ਤਾਂ ਜ਼ਰੂਰੀ ਹੈ ਕਿ ਇਹਦੇ ਵਿਕਾਸ ਵਾਸਤੇ ਆਵਾਜ਼ ਵੀ ਉਠਾਈ ਜਾਏ ਅਤੇ ਸੰਜੀਦਾ ਯਤਨ ਵੀ ਕੀਤੇ ਜਾਣ। ਦੋ ਯੂਨੀਵਰਸਿਟੀਆਂ ਵਿਚ ਡਰਾਮਾ ਵਿਭਾਗ ਹਨ, ਸਭਿਆਚਾਰਕ ਮਾਮਲੇ ਵਿਭਾਗ ਹੈ, ਪੰਜਾਬ ਸੰਗੀਤ ਨਾਟਕ ਅਕਾਦਮੀ ਹੈ। ਹੋਰ ਵੀ ਸੰਸਥਾਵਾਂ ਹਨ। ਵਿਕਾਸ ਲਈ ਯੋਜਨਾਵਾਂ ਬਣਾ ਕੇ ਕੰਮ ਕਰਨ ਦੀ ਲੋੜ ਹੈ। ਇਸੇ ਸੰਦਰਭ ਵਿਚ ਕੁਝ ਗੱਲਾਂ ਵੱਲ ਧਿਆਨ ਦੇਣਾ ਵੀ ਜ਼ਰੂਰੀ ਹੈ।

ਨਾਟਕ ਨੂੰ ਇਕ ਸੰਜੀਦਾ ਕਲਾ ਮੰਨਦੇ ਹੋਏ ਇਸ ਗੱਲ ਦਾ ਖਿਆਲ ਰੱਖਿਆ ਜਾਏ ਕਿ ਇਹਦੇ ਰਾਹੀਂ ਕੋਈ ਸਾਰਥਕ ਸੁਨੇਹਾ ਦਿੱਤਾ ਜਾਏ। ਐਵੇਂ ਚਾਲੂ ਜਿਹੀ ਗੱਲ ਨਾ ਕੀਤੀ ਜਾਏ। ਇਹਦੀ ਥਾਂ ਸਕਿੱਟ ਤੋਂ ਬਹੁਤ ਉਤੇ ਹੈ। ਨਾਟਕ ਦੀ ਪੇਸ਼ਕਾਰੀ ਇਸ ਤਰ੍ਹਾਂ ਡੀਜ਼ਾਇਨ ਕੀਤੀ ਜਾਏ ਕਿ ਉਹ ਸਾਧਨਾਂ ਦੇ ਅਨੁਸਾਰ ਹੀ ਹੋਵੇ। ਕੋਈ ਗੱਲ ਹਾਸੋ-ਹੀਣੀ ਸਾਬਤ ਨਾ ਹੋਵੇ। ਐਵੇਂ ਹੀ ਲਾਈਟਾਂ ਦੀ ਵਰਤੋਂ ਦੀ ਮੱਦਦ ਲੈ ਕੇ ਗੱਲ ਨਾ ਏਧਰ ਦੀ ਰਹੇ ਅਤੇ ਨਾ ਉਧਰ ਦੀ ਰਹੇ। ਨਾਟਕ ਗਰੁੱਪ ਆਪਣੇ ਅੰਦਰ ਡਸਿਪਲਿਨ ਕਾਇਮ ਰੱਖਣ। ਨਿੱਕੀ ਜਿਹੀ ਗਲਤੀ ਵੀ ਲਹਿਰ ਲਈ ਘਾਤਕ ਸਾਬਤ ਹੋ ਸਕਦੀ ਹੈ।

ਇਹ ਕੁਝ ਗੱਲਾਂ ਇਸ ਲਈ ਲਿਖੀਆਂ ਹਨ ਤਾਂ ਕਿ ਨਾਟਕ ਦੀ ਸਮਾਜ ਵਿਚ ਭੂਮਿਕਾ ਨੂੰ ਸਮਝਦੇ ਹੋਏ ਜ਼ਰੂਰੀ ਕਦਮ ਚੁੱਕੇ ਜਾਣ। ਪਤਾ ਲੱਗਾ ਹੈ ਕਿ ਪੰਜਾਬ ਕਲਾ ਪ੍ਰੀਸ਼ਦ ਆਪਣੀ ਪੰਜਾਬ ਸੰਗੀਤ ਨਾਟਕ ਅਕਾਦਮੀ ਰਾਹੀਂ ਇਕ ਸਟੇਟ ਪੱਧਰ ਅਤੇ ਰਾਸ਼ਟਰੀ ਪੱਧਰ ਦਾ ਨਾਟਕ ਮੇਲਾ ਕਰਵਾਉਣ ਦੀ ਯੋਜਨਾ ਬਣ ਰਹੀ ਹੈ। ਪੰਜਾਬ ਵਿਚ ਨਾਟਕ ਦੇ ਵਿਕਾਸ ਲਈ ਅਤੇ